International Journal of Applied Research 2014; 1(1): 474-479




**ISSN Print:** 2394-7500
**ISSN Online:** 2394-5869
**Impact Factor:** 3.4
IJAR 2014; 1(1): 474-479
www.allresearchjournal.com
Received: 25-10-2014
Accepted: 29-11-2014

**Dr. Iqbal Kaur**
Associate Professor, Department of Punjabi, Mata Sundri College, Delhi University, New Delhi, India

**Correspondence:**
**Dr. Iqbal Kaur**
Associate Professor, Department of Punjabi, Mata Sundri College, Delhi University, New Delhi, India

# ਸਭਿਆਚਾਰ ਅਤੇ ਪੰਜਾਬੀ ਸਭਿਆਚਾਰ: ਇਕ ਅਧਿਐਨ

**Dr. Iqbal Kaur**

## ਪ੍ਰਸਤਾਵਨਾ

ਅੱਜ ਦੇ ਸੈਮੀਨਾਰ ਦਾ ਵਿਸ਼ਾ ਹੈ ਪੰਜਾਬੀ ਸਾਹਿਤ ਦੇ ਅਧਿਐਨ ਤੇ ਅਧਿਆਪਨ ਦੀਆਂ ਸਮੱਸਿਆਵਾਂ। ਮੇਰਾ ਪਰਚਾ ਪੰਜਾਬੀ ਵਾਰਤਕ ਨਾਲ ਜੁੜਿਆ ਹੈ। ਜਿਸ ਦੇ ਅੰਤਰਗਤ "ਸਭਿਆਚਾਰ ਅਤੇ ਪੰਜਾਬੀ ਸਭਿਆਚਾਰ" ਨਿਬੰਧ ਸੰਗ੍ਰਹਿ ਨੂੰ ਆਧਾਰ ਬਣਾਇਆ ਗਿਆ ਹੈ। ਹੁਣ ਇਹ ਪ੍ਰਸ਼ਨ ਉਠਦਾ ਹੈ ਕਿ ਸਾਡੀਆਂ ਕੀ ਸੀਮਾਵਾਂ ਹਨ ਜਿਨ੍ਹਾਂ ਵਿਚ ਰਹਿ ਕੇ ਵਿਦਿਆਰਥੀਆਂ ਨਾਲ ਪੰਜਾਬੀ ਵਾਰਤਕ ਦੀ ਗੱਲ ਤੋਰੀ ਜਾਏ। ਜਿਸ ਨਾਲ ਉਹ ਪੰਜਾਬੀ ਵਾਰਤਕ ਦੀ ਪਰੰਪਰਾ ਤੋਂ ਵੀ ਜਾਣੂੰ ਹੋ ਜਾਣ। ਸਭ ਤੋਂ ਵੱਡੀ ਗੱਲ ਹੈ ਅੱਜ ਦੇ ਸਮੇਂ ਵਿਦਿਆਰਥੀਆਂ ਅੰਦਰ ਸਾਹਿਤ ਪੜ੍ਹਨ ਦੀ ਰੁਚੀ ਜਾਗ੍ਰਤ ਹੋਵੇ। ਇਸ ਗੱਲ ਪ੍ਰੇਰਿਤ ਕਰਨ ਲਈ ਮੇਰੇ ਵਿਚਾਰ ਮੁਤਾਬਿਕ ਪੰਜਾਬੀ ਵਾਰਤਕ ਦੇ ਮੁੱਢ ਤੋਂ ਵਾਕਿਫ ਕਰਵਾਇਆ ਜਾਏ। ਅੱਜ ਇਹ ਗੱਲ ਯਾਦ ਕਰਵਾਉਣੀ ਜ਼ਰੂਰੀ ਹੈ ਕਿ ਅਸੀਂ ਆਪਣੇ ਬਜ਼ੁਰਗਾਂ ਤੋਂ ਜੋ ਸਾਖੀਆਂ, ਕਹਾਣੀਆਂ ਸੁਣਦੇ ਆ ਰਹੇ ਹਾਂ ਉਹ ਹੀ ਸਾਡੀ ਵਾਰਤਕ ਦਾ ਆਰੰਭ ਸੀ। ਆਧੁਨਿਕ ਵਾਰਤਕ ਦਾ ਆਰੰਭ ਅੰਗ੍ਰੇਜ਼ੀ ਪ੍ਰਭਾਵ ਅਧੀਨ ਹੋਇਆ ਪਰ ਸਾਨੂੰ ਇਸ ਗੱਲ ਤੇ ਵੀ ਮਾਣ ਹੋਣਾ ਚਾਹੀਦਾ ਹੈ ਕਿ ਸਾਡੇ ਕੋਲ ਇਕ ਆਪਣੀ ਵੀ ਪੁਰਾਤਨ ਵਾਰਤਕ ਪਰੰਪਰਾ ਮੌਜੂਦ ਸੀ ਜਿਸ ਨੂੰ ਅਸੀਂ ਪੰਜਾਬੀ ਵਾਰਤਕ ਦਾ ਮੁੱਢ ਆਖ ਸਕਦੇ ਹਾਂ।

ਪੁਰਾਣਾ ਪੰਜਾਬੀ ਵਾਰਤਕ ਸਿੱਖ ਗੁਰੂਆਂ ਦੇ ਜੀਵਨ ਸੰਬੰਧੀ ਵੇਰਵਿਆਂ, ਉਨ੍ਹਾਂ ਦੇ ਕਾਰਨਾਮਿਆਂ ਅਤੇ ਉਪਦੇਸ਼ਾਂ ਨੂੰ ਕਲਮ ਬੱਧ ਕਰਨ ਨਾਲ ਹੋਂਦ ਵਿਚ ਆਈ। ਇਹ ਵਾਰਤਕ ਜਨਮ ਸਾਖੀਆਂ, ਗੋਸ਼ਟਾਂ, ਪਰਮਾਰਥ, ਟੀਕੇ, ਰਹਿਤਨਾਮੇ ਆਦਿ ਵੱਖ-ਵੱਖ ਰੂਪਾਂ ਵਿਚ ਪ੍ਰਾਪਤ ਹੁੰਦੀ ਹੈ। ਪੁਰਾਤਨ ਵਾਰਤਕ ਅਧਿਆਤਮਕ ਰੰਗਣ ਵਿਚ ਰੰਗੀ ਹੋਈ ਸੀ। ਆਤਮਾ, ਪ੍ਰਮਾਤਮਾ ਤੇ ਸਦਾਚਾਰਕ ਨੈਤਿਕ ਕਦਰਾਂ ਕੀਮਤਾਂ ਨੂੰ ਇਸ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਹੋਇਆ। ਪੁਰਾਤਨ ਪੰਜਾਬੀ ਵਾਰਤਕ ਦਾ ਬਹੁਤ ਵੱਡਾ ਭਾਗ ਜਨਮ ਸਾਖੀਆਂ ਦੇ ਰੂਪ ਵਿਚ ਮਿਲਦਾ ਹੈ। ਜੋ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਹਨ। ਭਾਈ ਬਾਲੇ ਵਾਲੀ ਜਨਮ ਸਾਖੀ, ਸੋਢੀ ਮਿਹਰਬਾਨ ਵਾਲੀ ਜਨਮ ਸਾਖੀ, ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਆਦਿ। ਇਨ੍ਹਾਂ ਵਿਚੋਂ ਸਭ ਤੋਂ ਪੁਰਾਤਨ ਜਨਮ ਸਾਖੀ ਕਿਹੜੀ ਹੈ ਇਸ ਬਾਰੇ ਅਸੀਂ ਇਥੇ ਵਿਚਾਰ ਨਹੀਂ ਕਰ ਰਹੇ।

ਪੰਜਾਬੀ ਵਾਰਤਕ ਅਧਿਆਤਮਕਤਾ ਦੇ ਘੇਰੇ ਵਿਚੋਂ ਨਿਕਲ ਕੇ ਆਮ ਵਿਅਕਤੀ ਨਾਲ ਕਿਵੇਂ ਜੁੜਦੀ ਹੈ। ਇਹ ਜਾਨਣ ਲਈ ਅਸੀਂ ਆਧੁਨਿਕ ਪੰਜਾਬੀ ਵਾਰਤਕ ਦੇ ਇਤਿਹਾਸ ਬਾਰੇ ਸੰਖੇਪ ਚਰਚਾ ਕਰਾਂਗੇ।

ਹੋਰ ਸਾਹਿਤ ਰੂਪਾਂ ਵਾਂਗ ਆਧੁਨਿਕ ਵਾਰਤਕ ਦਾ ਆਰੰਭ ਵੀ 1850 ਤੋਂ ਮੰਨਿਆ ਗਿਆ ਹੈ। ਹੁਣ ਤਕ ਪੰਜਾਬੀ ਅਤੇ ਸਮੁੱਚਾ ਭਾਰਤ ਅੰਗ੍ਰੇਜ਼ਾਂ ਦਾ ਗੁਲਾਮ ਬਣ ਚੁੱਕਾ ਸੀ। ਭਾਰਤ ਉਤੇ ਅੰਗ੍ਰੇਜ਼ੀ ਅਤੇ ਪੱਛਮੀ ਪ੍ਰਭਾਵਾਂ ਦਾ ਇੱਕ ਨਵਾਂ ਦੌਰ ਆਰੰਭ ਹੋਇਆ। ਅੰਗ੍ਰੇਜ਼ਾਂ ਵਲੋਂ ਭਾਰਤ ਵਿਚ ਜੋ ਵਿਕਾਸ ਕਾਰਜ ਆਰੰਭ ਹੋਇਆ। ਉਸ ਪਿੱਛੇ ਉਨ੍ਹਾਂ ਦਾ ਮਕਸਦ ਤਾਂ ਮੁਨਾਫ਼ਾਖੋਰੀ ਸੀ। ਅੰਗ੍ਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਧੀਨ ਸਾਡੇ ਭਾਰਤੀ ਧਰਮਾਂ, ਇਤਿਹਾਸ ਅਤੇ ਸਭਿਆਚਾਰ ਨੂੰ ਵਿਕ੍ਰਿਤ ਰੂਪ ਵਿਚ ਪੇਸ਼ ਕਰਨਾ ਸ਼ੁਰੂ ਕੀਤਾ। ਛਾਪੇ ਖਾਨੇ ਦੇ ਵਿਕਾਸ ਅਤੇ ਇਸਾਈ ਮਿਸ਼ਨਰੀਆਂ ਵਲੋਂ ਕਰਾਏ ਜਾ ਰਹੇ ਕੰਮਾਂ ਨੂੰ ਦੇਖ ਕੇ ਪੰਜਾਬੀ ਵਿਦਵਾਨਾਂ ਨੇ ਵੀ ਇਸ ਗੱਲ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਇਸ ਨੂੰ ਅਸੀਂ ਆਧੁਨਿਕ ਪੰਜਾਬੀ ਵਾਰਤਕ ਦਾ ਆਰੰਭ ਦੌਰ ਵੀ ਆਖ ਸਕਦੇ ਹਾਂ। ਇਸ ਦੌਰ ਵਿਚ ਬਿਹਾਰੀ ਲਾਲ ਪੁਰੀ, ਗਿਆਨੀ ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਕਰਮ ਸਿੰਘ ਹਿਸਟੋਰੀਅਨ, ਬਾਬਾ ਰਾਮ ਸਿੰਘ ਆਦਿ ਦਾ ਨਾਮ ਆਉਂਦਾ ਹੈ। ਇਸਾਈ ਮਿਸ਼ਨਰੀਆਂ ਤੋਂ ਪ੍ਰਭਾਵਤ ਹੋ ਕੇ ਹੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੇ ਮੋਢੀਆਂ ਨੇ ਪੰਜਾਬੀ ਪਾਠਸ਼ਾਲਾ ਖੁਲ੍ਹਵਾਈਆਂ, ਖਾਲਸਾ ਟ੍ਰੈਕਟ ਸੁਸਾਇਟੀ ਦੀ ਸਥਾਪਨਾ ਹੋਈ। ਜਿਸ ਵਿਚ ਭਾਈ ਵੀਰ ਸਿੰਘ ਅਤੇ ਕਾਨ੍ਹ ਸਿੰਘ ਨਾਭਾ ਦਾ ਵਿਸ਼ੇਸ਼ ਯੋਗਦਾਨ ਹੈ।

1901-1947 ਤੱਕ ਦਾ ਸਮਾਂ ਪਰੀਵਰਤਨ ਕਾਲ ਹੈ। ਇਸ ਸਮੇਂ ਭਾਰਤ ਅਤੇ ਪੂਰੇ ਸੰਸਾਰ ਵਿਚ ਕਈ ਮਹੱਤਵਪੂਰਨ ਘਟਨਾਵਾਂ ਵਾਪਰੀਆਂ, ਜਿਨ੍ਹਾਂ ਨੇ ਆਮ ਵਿਅਕਤੀ ਦੀ ਸੋਚ ਨੂੰ ਬਦਲ ਦਿੱਤਾ। ਰੂਸ ਦੀ ਕ੍ਰਾਂਤੀ, ਪਹਿਲੀ ਸੰਸਾਰ ਜੰਗ, ਰੋਲਟ ਐਕਟ, ਜਲ੍ਹਿਆਂ ਵਾਲੇ ਬਾਗ ਦਾ ਸਾਕਾ, ਦੂਜੀ ਸੰਸਾਰ ਜੰਗ, ਭਾਰਤ ਛੱਡੋ ਅੰਦੋਲਨ, ਬੰਗਾਲ ਦਾ ਕਾਲ, ਅਖੀਰ 1947 ਵਿਚ ਭਾਰਤ ਦੀ ਆਜ਼ਾਦੀ, ਤੇ ਦੇਸ਼ ਵੰਡ ਦਾ ਦੁਖਾਂਤ। ਇਨ੍ਹਾਂ ਗੱਲਾਂ ਦੇ ਨਾਲ-ਨਾਲ ਅੰਗ੍ਰੇਜ਼ਾਂ ਦੀਆਂ ਨੀਤੀਆਂ ਸਦਕਾ ਹਿੰਦੀ ਭਾਸ਼ਾ ਨੂੰ ਹਿੰਦੂਆਂ ਨਾਲ, ਉਰਦੂ ਨੂੰ ਮੁਸਲਮਾਨਾਂ ਨਾਲ ਅਤੇ ਪੰਜਾਬੀ ਨੂੰ ਸਿੱਖਾਂ ਨਾਲ ਜੋੜ ਦਿੱਤਾ ਗਿਆ। ਦੂਜੇ ਪਾਸੇ ਗਿਆਨ ਅਤੇ ਵਿਗਿਆਨ ਦੇ ਪਾਸਾਰ ਨਾਲ ਪੰਜਾਬੀ ਵਾਰਤਕ ਦਾ ਹੋਰ ਵਿਕਾਸ ਹੋਇਆ। ਇਸ ਕਾਲ ਵਿਚ ਕਵਿਤਾ ਤੋਂ ਇਲਾਵਾ, ਨਿਬੰਧ ਲੇਖਨ ਅਤੇ ਪੱਤਰਕਾਰੀ ਨੂੰ ਵੀ ਪ੍ਰਮੁੱਖਤਾ ਮਿਲੀ। ਇਸ ਦੌਰ ਦੇ ਪ੍ਰਮੁੱਖ ਵਾਰਤਕਕਾਰਾਂ ਵਿਚ ਭਾਈ ਵੀਰ ਸਿੰਘ, ਪ੍ਰੋ.ਪੂਰਨ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਲਾਲ ਸਿੰਘ ਕਮਲਾ ਅਕਾਲੀ, ਪ੍ਰੋ. ਸਾਹਿਬ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਜੀਤ ਸਿੰਘ ਸੀਤਲ, ਐਸ. ਐਸ. ਅਮੋਲ, ਬਾਵਾ ਬੁਧ ਸਿੰਘ, ਸਰਦਾਰ ਕਪੂਰ ਸਿੰਘ ਆਦਿ ਦਾ ਨਾਮ ਆਉਂਦਾ ਹੈ ਵਿਕਾਸ ਦੇ ਇਸ ਦੌਰ ਵਿਚ ਪੰਜਾਬੀ ਭਾਸ਼ਾ ਅਤੇ ਸ਼ੈਲੀ ਦੀ ਸਮਰੱਥਾ ਵਿਚ ਵਿਸ਼ੇਸ਼ ਵਾਧਾ ਹੋਇਆ।

1948-1965 ਦੇ ਦੌਰ ਵਿਚ ਪੰਜਾਬੀ ਵਾਰਤਕ ਨੇ ਵਿਸ਼ੇ ਅਤੇ ਰੂਪ ਪੱਖੋਂ ਚਹੁੰਮੁਖੀ ਵਿਕਾਸ ਕੀਤਾ। ਇਸ ਦੌਰ ਨੂੰ ਪ੍ਰਭਾਵਤ ਕਰਨ ਵਾਲੀਆਂ ਪ੍ਰਮੁੱਖ ਘਟਨਾਵਾਂ ਵਿਚੋਂ 1947 ਦੀ ਵੰਡ ਦਾ ਪ੍ਰਭਾਵ, ਜਿਸ ਨੇ ਪੰਜਾਬੀ ਨੂੰ ਹਲੂਣ ਕੇ ਰੱਖ ਦਿੱਤਾ। 1948 ਵਿਚ ਮਹਾਤਮਾ ਗਾਂਧੀ ਦੀ ਹੱਤਿਆ, ਚੀਨ ਅਤੇ ਫਿਰ ਪਾਕਿਸਤਾਨ ਨਾਲ ਜੰਗ। ਇਸ ਕਾਲ ਵਿਚ ਵੀ ਪੂਰਬਲੇ ਲੇਖਕਾਂ ਨੇ ਰਚਨਾਤਮਕ ਕੰਮ ਕੀਤਾ। ਇਸ ਕਾਲ ਵਿਚ ਕਈ ਜੀਵਨੀਆਂ ਅਤੇ ਸਫਰਨਾਮੇ ਲਿਖੇ ਗਏ। ਖੋਜ ਅਤੇ ਸਾਹਿਤ ਆਲੋਚਨਾ ਦਾ ਵਿਕਾਸ ਹੋਇਆ, ਪੰਜਾਬੀ ਕੋਸ਼ਕਾਰੀ, ਭਾਸ਼ਾ

ਵਿਗਿਆਨ ਅਤੇ ਗੁਰਮੁਖੀ ਲਿਪੀ ਦੇ ਖੇਤਰਾਂ ਵਿਚ ਭਰਪੂਰ ਯਤਨ ਆਰੰਭ ਹੋਏ।

1966-2004 : ਇਸ ਕਾਲ ਵਿਚ ਪੰਜਾਬੀ ਵਾਰਤਕ ਨੇ ਸਾਹਿਤਕ ਲੋੜਾਂ ਦੀ ਪੂਰਤੀ ਦੇ ਨਾਲ-ਨਾਲ ਪਾਠਕਾਂ ਦੀਆਂ ਰੁਚੀਆਂ ਵਿਚ ਵੀ ਨਿਖਾਰ ਲਿਆਂਦਾ। ਇਸ ਸਮੇਂ ਦੀ ਵਾਰਤਕ ਦੇ ਵਿਕਾਸ ਵਿਚ ਪੰਜਾਬੀ ਪੱਤਰਕਾਰੀ ਆਪਣੇ ਸਿਖਰਾਂ ਨੂੰ ਛੂਹ ਹੁੰਦੀ ਹੈ। ਸਮਾਜਕ ਖੇਤਰ ਵਿਚ ਕਈ ਪਰਿਵਰਤਨ ਵਾਪਰੇ। ਕਿਰਤੀ, ਕਾਮਿਆਂ ਅਤੇ ਦਲਿਤਾਂ ਨੂੰ ਸਹੂਲਤਾਂ ਮਿਲੀਆਂ। ਇਸਤਰੀ ਜਾਤੀ ਦਾ ਸਤਿਕਾਰ ਵਧਿਆ, ਉਸ ਦੀ ਸੁਤੰਤਰਤਾ ਵਿਚ ਵਾਧਾ ਹੋਇਆ। ਪੰਜਾਬੀ ਨੂੰ ਰਾਜਭਾਸ਼ਾ ਦਾ ਸਨਮਾਨ ਪ੍ਰਾਪਤ ਹੋਇਆ, ਕਈ ਸਭਾਵਾਂ ਅਤੇ ਸੰਸਥਾਵਾਂ ਹੋਂਦ ਵਿਚ ਆਈਆਂ। ਪੰਜਾਬੀ ਵਿਚ ਖੋਜ ਅਤੇ ਸਾਹਿਤ ਆਲੋਚਨਾ ਦਾ ਵਿਕਾਸ ਹੋਇਆ। ਡਾ. ਸੁਰਿੰਦਰ ਸਿੰਘ ਕੋਹਲੀ, ਪ੍ਰੋ. ਪ੍ਰੀਤਮ ਸਿੰਘ, ਡਾ. ਗੁਰਚਰਨ ਸਿੰਘ, ਸੰਤ ਸਿੰਘ ਸੇਖੋਂ, ਪ੍ਰੇਮ ਪ੍ਰਕਾਸ਼ ਸਿੰਘ, ਡਾ. ਅਤਰ ਸਿੰਘ, ਡਾ. ਹਰਿਭਜਨ ਸਿੰਘ, ਕਰਨੈਲ ਸਿੰਘ ਥਿੰਦ, ਡਾ. ਤਾਰਨ ਸਿੰਘ, ਰਤਨ ਸਿੰਘ ਜੱਗੀ ਆਦਿ ਦਾ ਨਾਮ ਆਉਂਦਾ ਹੈ। ਇਨ੍ਹਾਂ ਤੋਂ ਇਲਾਵਾ ਹੋਰ ਅਣਗਿਣਤ ਲੇਖਕ ਹਨ ਜੋ ਪੰਜਾਬੀ ਵਾਰਤਕ ਦੇ ਵਿਕਾਸ ਨੂੰ ਸਿਖਰਾਂ ਵੱਲ ਲੈ ਕੇ ਜਾ ਰਹੇ ਹਾਂ।

ਇਸ ਦੌਰਾਨ ਪੰਜਾਬੀ ਵਾਰਤਕ ਵਿਚ ਕਈ ਰੂਪਾਂ ਨੇ ਵਿਕਾਸ ਕੀਤਾ ਹੈ। ਜਿਵੇਂ ਨਿਬੰਧ, ਜੀਵਨੀ, ਸਵੈ-ਜੀਵਨੀ, ਰੇਖਾ ਚਿੱਤਰ, ਡਾਇਰੀ, ਸਫਰਨਾਮਾ ਆਦਿ। ਇਥੇ ਅਸੀਂ ਪੰਜਾਬੀ ਨਿਬੰਧ ਬਾਰੇ ਚਰਚਾ ਕਰਾਂਗੇ। ਚਰਚਾ ਅੱਗੇ ਵਧਾਉਣ ਤੋਂ ਪਹਿਲੇ ਵਿਦਿਆਰਥੀਆਂ ਨੂੰ ਨਿਬੰਧ ਰੂਪਾਕਾਰ ਬਾਰੇ ਜਾਣਕਾਰੀ ਦੇਣੀ ਜ਼ਰੂਰੀ ਹੈ।

ਕੋਸ਼ਾਗਤ ਅਰਥਾਂ ਮੁਤਾਬਕ 'ਨਿਬੰਧ' ਦਾ ਮੂਲ ਅਰਥ ਹੈ ਬੰਨ੍ਹਣਾ, ਸੰਸਕ੍ਰਿਤ ਵਿਚ ਵਿਚ ਨਿਬੰਧ ਸ਼ਬਦ ਦਾ ਪ੍ਰਯੋਗ ਲਿਖੇ ਹੋਏ ਭੋਜ ਪੱਤਰਾਂ ਨੂੰ, ਸੰਵਾਰ ਕੇ, ਸੀਂ ਪਰੋ ਕੇ, ਸਾਂਭ ਕੇ ਰੱਖਣ ਦੀ ਕਿਰਿਆ ਲਈ ਕੀਤਾ ਜਾਂਦਾ ਸੀ। ਪਰ ਅੱਜ ਦੇ ਨਿਬੰਧ ਲਈ ਇਹ ਅਰਥ ਸਮਾਨਾਰਥਕ ਨਹੀਂ। ਅੱਜ ਦਾ ਨਿਬੰਧ ਕਿਸੀ ਵਿਸ਼ੇ ਉਤੇ ਦਲੀਲ ਯੁਕਤ ਅਤੇ ਨਿਆਂਪੂਰਨ, ਕ੍ਰਮਬੱਧ ਲਿਖੀ ਰਚਨਾ ਦਾ ਨਾਮ ਹੈ, ਜਿਸ ਵਿਚ ਲੇਖਕ ਆਪਣੇ ਉਦੇਸ਼ ਨੂੰ ਸਪਸ਼ਟ ਤੇ ਸਿੱਧ ਕਰਨ ਲਈ ਛੋਹੇ, ਅਣਛੋਹੇ ਹਵਾਲਿਆਂ ਤੋਂ ਕੰਮ ਲੈਂਦਾ ਹੈ। ਅੱਜ ਦਾ ਨਿਬੰਧ ਫਰਾਂਸੀਸੀ

ਸ਼ਬਦ ਏਸੇਈ (esssis) ਤੇ ਅੰਗ੍ਰੇਜ਼ੀ ਸ਼ਬਦ ਏਸੇ (essay) ਦੇ ਸਮਾਨਾਰਥਕ ਹੈ। ਨਿਬੰਧ ਨੂੰ ਪਰਿਭਾਸ਼ਿਤ ਕਰਨਾ ਸਰਲ ਨਹੀਂ। ਕਿਉਂਕਿ ਨਿਬੰਧ ਦਾ ਵਿਸ਼ੇ ਖੇਤਰ ਬਹੁਤ ਵਿਸ਼ਾਲ ਹੈ। ਨਿਬੰਧ ਨੂੰ ਕਈ ਥਾਂਵਾਂ ਤੇ ਲੇਖ ਵੀ ਕਿਹਾ ਗਿਆ ਹੈ। ਇਸ ਦੇ ਅੰਤਰਗਤ ਸੰਪਾਦਕੀ ਲੇਖ, ਪੁਸਤਕ ਪੜਚੋਲ, ਆਰਟੀਕਲ, ਪੱਤਰ ਲੇਖ, ਕਈ ਵਿਗਿਆਨਕ, ਇਤਿਹਾਸਕ, ਵਿਆਖਿਆਤਮਕ, ਸਮੀਖਿਆਤਮਕ ਲੇਖ ਆਉਂਦੇ ਹਨ।

ਨਿਬੰਧ ਭਾਵੇਂ ਕਿਸੀ ਵੀ ਵੰਨਗੀ ਦਾ ਹੋਵੇ ਪਰ ਸਰਲਤਾ, ਸਪਸ਼ਟਤਾ, ਨਿਸੰਕੋਚ ਪ੍ਰਗਟਾਵਾ, ਵਿਸ਼ੇ ਦਾ ਸੀਮਤ ਘੇਰਾ, ਲੇਖਕ ਅਤੇ ਪਾਠਕ ਵਿਚ ਤਾਲਮੇਲ, ਗਿਆਨ ਦੀ ਵਿਆਪਕਤਾ, ਪਰੰਤੂ ਪੰਡਤਾਊ ਪ੍ਰਭਾਵ ਪਾਉਣ ਤੋਂ ਬਚਣਾ, ਕਿਸੀ ਵੀ ਨਿਬੰਧ ਦੇ ਪ੍ਰਮੁੱਖ ਗੁਣ ਹਨ। ਕਿਸੀ ਵੀ ਨਿਬੰਧ ਵਿਚ ਭਾਵਨਾ ਅਤੇ ਵਿਚਾਰ ਦਾ ਸੁਮੇਲ ਪਾਠਕ ਦੀ ਬੁੱਧੀ ਨੂੰ ਪ੍ਰੇਰਿਤ ਕਰਦਾ ਹੈ।

ਪੰਜਾਬੀ ਵਿਚ ਬਹੁਭਾਂਤੀ ਨਿਬੰਧ ਰਚਨਾ ਹੋਈ ਹੈ। ਇਸ ਵਿਚ ਨਵੇਂ ਝੁਕਾਅ, ਨਵੀਆਂ ਦ੍ਰਿਸ਼ਟੀਆਂ, ਨਵੇਂ ਦਿੱਸਹੱਦੇ ਆਤਮਸਾਤ ਹੁੰਦੇ ਦਿਖਾਈ ਦੇਂਦੇ ਹਨ। ਗਿਣਾਤਮਕ ਅਤੇ ਗੁਣਾਤਮਕ ਦੋਹਾਂ ਪੱਖਾਂ ਤੋਂ ਪੰਜਾਬੀ ਨਿਬੰਧ ਨੇ ਵਿਕਾਸ ਕੀਤਾ ਹੈ। ਜਿਸ ਦੀ ਚਰਚਾ ਇਸ ਪਰਚੇ ਦੀ ਸੀਮਾ ਵਿਚ ਸੰਭਵ ਨਹੀਂ ਹੈ।

ਪੰਜਾਬੀ ਨਿਬੰਧ ਦੇ ਇਤਿਹਾਸ ਉਪਰ ਝਾਤੀ ਮਾਰਿਆਂ ਸਾਨੂੰ ਪੰਜਾਬੀ ਸਭਿਆਚਾਰ ਅਤੇ ਪੰਜਾਬੀਅਤ ਬਾਰੇ ਲਿਖੇ ਨਿਬੰਧਾਂ ਦੀ ਇਕ ਪੂਰੀ ਲਹਿਰ ਮਿਲਦੀ ਹੈ। ਜਿਸ ਵਿਚ ਪੰਜਾਬੀ ਸਭਿਆਚਾਰ ਦੇ ਭਿੰਨ-ਭਿੰਨ ਪਹਿਲੂਆਂ ਨੂੰ ਚਰਚਾ ਦਾ ਵਿਸ਼ਾ ਬਣਾਇਆ ਗਿਆ ਹੈ। ਉਪਰੋਕਤ ਪਿੱਠਭੂਮੀ ਦੇ ਆਧਾਰ ਤੇ ਹੁਣ ਅਸੀਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਪ੍ਰਕਾਸ਼ਤ ਪੁਸਤਕ 'ਸਭਿਆਚਾਰ ਅਤੇ ਪੰਜਾਬੀ ਸਭਿਆਚਾਰ" ਦੀ

ਚਰਚਾ ਆਰੰਭ ਕਰਾਂਗੇ।

ਇਸ ਨਿਬੰਧ ਸੰਗ੍ਰਹਿ ਨੂੰ ਇਕ ਵਿਸ਼ੇਸ਼ ਤਰਤੀਬ ਵਿਚ ਰਖਿਆ ਗਿਆ ਹੈ ਸਭ ਤੋਂ ਪਹਿਲਾਂ ਸਭਿਆਚਾਰ ਨੂੰ ਪਰਿਭਾਸ਼ਤ ਕੀਤਾ ਗਿਆ ਹੈ। ਅਗਲੇ ਦੋ ਨਿਬੰਧਾਂ, ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਅਤੇ ਪੰਜਾਬੀ ਸਭਿਆਚਾਰ ਕੁਝ ਬਾਹਰੀ ਪ੍ਰਭਾਵ, ਦੇ ਅੰਤਰਗਤ ਇਸ ਗੱਲ ਉਪਰ ਭਰਪੂਰ ਚਰਚਾ ਹੋਈ ਹੈ ਕਿ ਵਰਤਮਾਨ ਪੰਜਾਬੀ ਸਭਿਆਚਾਰ ਦਾ ਮੁਹਾਂਦਰਾ ਕਿਵੇਂ ਹੋਂਦ ਵਿਚ ਆਇਆ। ਪੰਜਾਬੀ ਸਭਿਆਚਾਰ ਦੇ ਅਨਿੱਖੜ ਅੰਗ ਲੋਕਗੀਤ, ਭੰਗੜੇ, ਬੁਝਾਰਤਾਂ, ਧੂਣੀਆਂ, ਆਖੜੇ, ਭੰਡ, ਜਿਨ੍ਹਾਂ ਨੂੰ ਅਸੀਂ ਪੰਰਾਬੀ ਸਭਿਆਚਾਰ ਦੇ ਪਛਾਣ ਚਿੰਨ੍ਹ ਵੀ ਆਖ ਸਕਦੇ ਹਾਂ, ਇਨ੍ਹਾਂ ਬਾਰੇ ਲਿਖੇ ਭਿੰਨ-ਭਿੰਨ ਨਿਬੰਧਾਂ ਬਾਰੇ ਹੁਣ ਅਸੀਂ ਨਿੱਠ ਕੇ ਚਰਚਾ ਕਰਾਂਗੇ।

ਸਭਿਆਚਾਰ ਪਰਿਭਾਸ਼ਾ ਵਿਚ ਲੇਖਕ (ਗੁਰਬਖ਼ਸ਼ ਸਿੰਘ ਫਰੈਂਕ) ਨੇ ਦੱਸਿਆ ਹੈ ਕਿ ਮਨੁੱਖ ਨੂੰ ਆਪਣੇ ਜਨਮ ਦੇ ਨਾਲ ਹੀ ਸਭਿਆਚਾਰ ਅਚੇਤ ਰੂਪ ਵਿਚ ਪ੍ਰਾਪਤ ਹੁੰਦਾ ਹੈ। ਸਾਡੇ ਜੀਵਨ ਦੇ ਸਾਰੇ ਕਿਰਿਆ-ਕਲਾਪ ਸਾਡੇ ਵਿਸ਼ੇਸ਼ ਸਭਿਆਚਾਰ ਦਾ ਪ੍ਰਗਟਾਵਾ ਕਰ ਰਹੇ ਹੁੰਦੇ ਹਨ ਪਰ ਸਾਨੂੰ ਆਪਣੇ ਸਭਿਆਚਾਰਕ ਵਖਰੇਵੇਂ ਦਾ ਅਹਿਸਾਸ ਉਸ ਵਕਤ ਹੁੰਦਾ ਹੈ ਜਦੋਂ ਅਸੀਂ ਦੂਜੇ ਸਭਿਆਚਾਰ ਦੇ ਸੰਪਰਕ ਵਿਚ ਆਉਂਦੇ ਹਾਂ। ਸਾਡਾ ਵਰਤੋਂ-ਵਿਹਾਰ, ਪਹਿਰਾਵਾ, ਰਹਿਣ-ਸਹਿਣ, ਖਾਣਾ-ਪੀਣਾ, ਸੋਚ, ਵਿਸ਼ਵਾਸ, ਧਰਮ ਕਲਾ, ਸਭ ਸਭਿਆਚਾਰ ਦੇ ਨਵੇਕਲੇ ਅੰਸ਼ ਹੁੰਦੇ ਹਨ। ਇਨ੍ਹਾਂ ਨਾਲ ਹੀ ਸਾਨੂੰ ਆਪਣੀ ਸਭਿਆਚਾਰਕ ਵੱਖਰਤਾ ਦਾ ਅਹਿਸਾਸ ਹੁੰਦਾ ਹੈ। ਜਿਸ ਤਰ੍ਹਾਂ ਪੂਰਬੀ ਅਤੇ ਪੱਛਮੀ ਸਭਿਆਚਾਰ ਵਿਚਲਾ ਅੰਤਰ ਸਪਸ਼ਟ ਹੈ। ਸਾਡੀਆਂ ਕਦਰਾਂ-ਕੀਮਤਾਂ ਅਤੇ ਜੀਉਣ ਢੰਗ ਇਕ ਦੂਜੇ ਤੋਂ ਵੱਖਰਾ ਹੈ।

ਜਦੋਂ ਅਸੀਂ ਪੰਜਾਬੀ ਸਭਿਆਚਾਰ ਦੀ ਗੱਲ ਕਰਦੇ ਹਾਂ ਤਾਂ ਸਭ ਤੋਂ ਪਹਿਲਾਂ ਇਹ ਗੱਲ ਸਾਡਾ ਧਿਆਨ ਖਿੱਚਦੀ ਹੈ ਕਿ ਪੰਜਾਬੀ ਸਭਿਆਚਾਰ ਵਿਚ ਬੜੀ ਵਿਵਿਧਤਾ ਹੈ। ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਆਪਣੇ ਭੂਗੋਲਿਕ ਕਾਰਨਾਂ ਕਰਕੇ, ਸਮੇਂ-ਸਮੇਂ ਸਾਨੂੰ ਵਿਦੇਸ਼ੀ ਹਮਲਿਆਂ ਦਾ ਸਾਮ੍ਹਣਾ ਕਰਨਾ ਪਿਆ।

ਇਸ ਅਜਾਇਬ ਘਰ ਵਿਚ ਭਿੰਨ-ਭਿੰਨ ਜਾਤਾਂ, ਵਰਗਾਂ, ਕਬੀਲਿਆਂ ਦੀਆਂ ਹੇੜਾਂ ਜੋ ਬਾਹਰੋਂ ਆਪਣੀਆਂ ਪਛਾਣਾਂ ਛੱਡਦੀਆਂ ਗਈਆਂ। ਆਰਿਆਈ, ਈਰਾਨੀ, ਯੂਨਾਨੀ, ਸਿਥੀਅਨ, ਹੂਣ, ਅਰਬ, ਤੁਰਕ, ਮੁਗਲ ਆਦਿ ਨਾ ਸਿਰਫ ਧਾੜੇ ਮਾਰਨ ਅਥਵਾ ਵਿਜਈ ਹੋ ਕੇ ਹੁਕਮਰਾਨ ਬਣਨ ਲਈ ਏਥੇ ਆਏ ਬਲਕਿ ਉਹ ਆਪਣੇ ਸਾਹਿਤ, ਸਭਿਆਚਾਰ ਤੇ ਪਰੰਪਰਾਵਾਂ, ਧਾਰਨਾਵਾਂ, ਸੋਚਾਂ ਤੇ ਸੰਕਲਪਾਂ, ਰਹਿਣ-ਸਹਿਣ ਤੇ ਵਿਸ਼ਵਾਸਾਂ ਨਾਲ ਭਰੇ-ਭਕੁੰਨੇ ਆਏ ਤੇ ਇਥੋਂ ਦੀ ਧਰਤੀ ਦਾ ਅੰਗ ਬਣ ਗਏ।"[1]

ਇਨ੍ਹਾਂ ਸਭ ਸਭਿਆਚਾਰਾਂ ਦਾ ਬਹੁਤ ਕੁਝ ਤਾਂ ਸਮੇਂ ਦੇ ਨਾਲ ਖਤਮ ਹੋ ਗਿਆ। ਜਿਸ ਦੀਆਂ ਅੱਜ ਨਿਸ਼ਾਨੀਆਂ ਵੀ ਨਹੀਂ ਮਿਲਦੀਆਂ। ਪੰਜਾਬੀਆਂ ਨੇ ਆਪਣੇ ਖੁੱਲ੍ਹੇ ਸੁਭਾਅ ਕਾਰਨ, ਜੋ ਕੁਝ ਕਿਸੀ ਦਾ ਵੀ, ਉਚਿਤ ਸੀ, ਉਸ ਨੂੰ ਸਹਿਜੇ ਹੀ ਅਪਣਾ ਲਿਆ। ਪੰਜਾਬ ਵਿਚ ਮਿਲਦੇ ਕਈ ਧਰਮ, ਪੂਜਾ ਵਿਧੀਆਂ ਤੇ ਸੰਪ੍ਰਦਾਇ ਵੀ ਇਸੇ ਪ੍ਰਭਾਵ ਅਧੀਨ ਆਪਣੀ ਹੋਂਦ ਰੱਖੀ ਬੈਠੇ ਹਨ। ਪੰਜਾਬੀਆਂ ਦੇ ਸੁਭਾਅ ਵਿਚ ਹੀ ਸਾਂਝੀਵਾਲਤਾ ਦਾ ਗੁਣ ਸ਼ਾਮਿਲ ਹੈ :

"ਨਾ ਕੋ ਬੈਰੀ ਨਾਹੀ ਬਿਗਾਨਾ
ਸਗਲ ਸੰਗ ਹਮ ਕੋ ਬਣ ਆਈ॥"

**1. 'ਸਭਿਆਚਾਰ ਤੇ ਪੰਜਾਬੀ ਸਭਿਆਚਾਰ' (ਪੰਨਾ 13)**

ਸਮੇਂ-ਸਮੇਂ ਹੋਣ ਵਾਲੇ ਵਿਦੇਸ਼ੀ ਹਮਲਿਆਂ ਨੇ ਪੰਜਾਬੀ ਜੀਵਨ ਵਿਚ ਉਹ ਸਥਿਰਤਾ ਨਹੀਂ ਆਉਣ ਦਿੱਤੀ ਜਿਸ ਵਿਚ ਕਲਾ ਤੇ ਸਾਹਿਤ ਦੀ ਸਿਰਜਣਾ ਹੁੰਦੀ ਹੈ। ਇਥੇ ਲੋਕ ਹਮੇਸ਼ਾ ਆਪਣੇ ਆਪ ਨੂੰ ਸੰਭਾਲਣ ਵਿਚ ਹੀ ਲੱਗੇ ਰਹੇ, ਜਦ ਤਕ ਸੰਭਲਦੇ ਫਿਰ ਕੋਈ ਵਿਦੇਸ਼ੀ ਹਮਲਾਵਰ ਏਧਰ ਮੂੰਹ ਕਰ ਲੈਂਦਾ। ਅੱਜ ਦੇ ਦੌਰ ਵਿਚ ਪੰਜਾਬੀ ਸਭਿਆਚਾਰ ਦੀ ਨਿਆਂ ਪੂਰਨ ਗੱਲ ਅਸੀਂ ਤਾਂ ਹੀ ਕਰ ਸਕਦੇ ਹਾਂ ਅਗਰ ਅਸੀਂ ਸਾਰੇ ਪਿਛਲੇ ਪ੍ਰਸੰਗ ਨੂੰ ਧਿਆਨ ਵਿਚ ਰੱਖੀਏ। ਪੰਜਾਬੀਆਂ ਨੂੰ ਮਾਨਸਿਕ ਤੌਰ ਤੇ ਕਮਜ਼ੋਰ ਕਰਨ ਲਈ ਹਮੇਸ਼ਾ ਉਨ੍ਹਾਂ ਦੇ ਗੌਰਵਸ਼ਾਲੀ ਵਿਰਸੇ ਦਾ ਨਾਸ ਕਰ ਦਿੱਤਾ ਗਿਆ। ਪੰਜਾਬੀਆਂ ਵਿਚ ਕਲਾ ਦੀ ਘਾਟ ਨਹੀਂ ਸੀ ਉਸ ਨੂੰ ਤਾਂ ਵਕਤ ਨੇ ਨਸ਼ਟ ਕਰ ਦਿੱਤਾ।

ਦੂਜੇ ਪਾਸੇ ਪੰਜਾਬੀਆਂ ਨੂੰ ਉੱਚੇ ਬੋਲ ਵਾਲੇ, ਖੜਕੇ-ਦੜਕੇ ਵਾਲੇ ਆਖਿਆ ਜਾਂਦਾ ਹੈ। ਉਹ ਕੌਮ ਜੋ ਨਿੱਤ ਲਲਕਾਰਿਆਂ ਦਾ ਸਾਹਮਣਾ ਕਰੇ ਉਸ ਦਾ ਬੋਲ ਕਿਵੇਂ ਧੀਮਾ ਹੋ ਸਕਦਾ ਹੈ < ਪੰਜਾਬੀ ਦਾ ਢੋਲ, ਛੈਣੇ, ਚਿਮਟੇ ਸਭ ਉੱਚੇ ਸੁਰ ਵਾਲੇ ਹਨ। ਪੰਜਾਬੀ ਦਾ ਭੰਗੜਾ, ਗਿੱਧਾ ਉਨ੍ਹਾਂ ਦੇ ਸੁਭਾਅ ਦੇ ਅਨੁਕੂਲ ਹੈ। ਇਥੋਂ ਤਕ ਕਿ ਵਿਆਹ ਦੀਆਂ ਰਸਮਾਂ ਵੀ ਕਿਸੇ ਯੁੱਧ ਦਾ ਨਜ਼ਾਰਾ ਪੇਸ਼ ਕਰਦੀਆਂ ਹਨ। ਕੇਸਰੀ ਬਾਣਾ ਪਹਿਨ ਕੇ ਘੋੜੇ ਤੇ ਸਵਾਰ, ਹੱਥ ਵਿਚ ਤਲਵਾਰ, ਦੂਲ੍ਹਾ ਕਿਸੀ ਯੁੱਧ ਵਿਚ ਜਾ ਰਿਹਾ ਨਾਇਕ ਲਗਦਾ ਹੈ।

ਕਹਿਣ ਦਾ ਭਾਵ ਇਹ ਹੈ ਕਿ ਕਿਸੀ ਵੀ ਸਭਿਆਚਾਰ ਦਾ ਵਰਤਾਰਾ ਉਚਿਤ ਪ੍ਰਸੰਗ ਵਿਚ ਹੀ ਸਮਝ ਆਉਂਦਾ ਹੈ। ਵੀਰ ਸਿੰਘ ਰੰਧਾਵਾ ਦੇ ਲਿਖੇ ਨਿਬੰਧ 'ਪੰਜਾਬੀ ਸਭਿਆਚਾਰ ਤੇ ਬਾਹਰੀ ਪ੍ਰਭਾਵ' ਵਿਚ ਬੜੇ ਵਿਸਤਾਰ ਨਾਲ ਚਰਚਾ ਹੋਈ ਹੈ ਕਿ ਪੰਜਾਬ ਵਿਚ ਆਉਣ ਵਾਲੇ ਵਿਦੇਸ਼ੀ, ਕਿਵੇਂ ਇਥੇ ਰਚ-ਮਿਚ ਗਏ। ਦੂਜੀ ਗੱਲ ਇਹ ਕਿ ਪੰਜਾਬ ਵਿਚ ਜਿਸ ਸਾਂਝੀਵਾਲਤਾ ਦੀ ਅਸੀਂ ਗੱਲ ਕਰਦੇ ਹਾਂ, ਉਹ ਹਿੰਦੂ, ਮੁਸਲਮਾਨ ਤੇ ਸਿੱਖਾਂ ਨਾਲ ਜੁੜੀ ਹੈ, ਜੋ ਸਦੀਆਂ ਤੋਂ ਇਕੱਠੇ ਵਸ ਰਹੇ ਸਨ।

ਲੇਖਕ ਨੇ ਬੜੇ ਖ਼ੂਬਸੂਰਤ ਢੰਗ ਨਾਲ ਇਸ ਗੱਲ ਨੂੰ ਸਪਸ਼ਟ ਕੀਤਾ ਹੈ ਜਿਵੇਂ ਵਿਆਹ ਵਿਚ ਸਾਹੇ ਦੀ ਚਿੱਠੀ ਹਿੰਦੂ ਸਭਿਆਚਾਰ ਨਾਲ ਜੁੜੀ ਹੈ, ਕੁੜੀ ਨੂੰ ਮਹਿੰਦੀ ਲਾਉਣੀ ਮੁੰਡੇ ਨੂੰ ਸੁਰਮਾ ਪਾਉਣਾ ਇਸਲਾਮੀ ਸਭਿਆਚਾਰ ਹੈ ਪਰ ਅੱਜ ਦੋਵੇਂ ਮਿਲ ਕੇ ਪੰਜਾਬੀ ਸਭਿਆਚਾਰ ਦ ਅੰਗ ਬਣ ਗਏ ਹਨ। ਪੰਜਾਬੀ ਵਿਚ ਅਰਬੀ, ਫਾਰਸੀ ਤੇ ਸੰਸਕ੍ਰਿਤ ਦੀਆਂ ਲੋਕ ਕਹਾਣੀਆਂ ਓਨੀਆਂ ਹੀ ਪ੍ਰਸਿੱਧ ਹਨ ਜਿੰਨੀਆਂ ਕਿ ਪੰਜਾਬ ਦੀਆਂ। ਜਿਵੇਂ ਸੋਹਣੀ ਮਹੀਂਵਾਲ, ਹੀਰ ਰਾਂਝਾ, ਮਿਰਜ਼ਾ ਸਾਹਿਬਾਂ, ਲੈਲਾ ਮਜਨੂੰ, ਸ਼ੀਰੀ ਫਰਿਹਾਦ, ਯੂਸਫ਼ ਜ਼ੁਲੈਖਾਂ, ਪੂਰਨ ਭਗਤ, ਦੁਸ਼ਿਅੰਤ ਸ਼ਕੁੰਤਲਾ, ਆਦਿ ਸਭ ਨੂੰ ਪੰਜਾਬੀ ਸਭਿਆਚਾਰ ਨੇ ਸੰਭਾਲ ਕੇ ਰਖਿਆ ਹੋਇਆ ਹੈ।

ਇਥੋਂ ਤਕ ਕਿ ਪੰਰਾਬੀ ਵਿਚ ਕਿੱਸਾ ਕਾਵਿ, ਗ਼ਜ਼ਲ, ਮਰਸੀਆ, ਰੁਬਾਈ ਆਦਿ ਦਾ ਨਿਕਾਸ-ਵਿਕਾਸ ਅਰਬੀ ਫ਼ਾਰਸੀ ਸਾਹਿਤ ਦੇ ਪ੍ਰਭਾਵ ਅਧੀਨ ਹੋਇਆ। ਕੇਵਲ ਇਥੇ ਹੀ ਬਸ ਨਹੀਂ, ਪੰਜਾਬ ਦੇ ਮੇਲੇ ਵੀ ਸਾਂਝੇ ਸਭਿਆਚਾਰ ਦਾ ਪ੍ਰਤੀਕ ਹਨ। ਮੇਲਾ ਹੈਦਰ ਸ਼ੇਖ ਦਾ ਹੋਵੇ, ਦੇਵੀ ਮਾਤਾ ਦਾ, ਵਿਸਾਖੀ ਦਾ ਹੋਵੇ, ਛਪਾਰ ਦਾ ਹੋਵੇ ਜਾਂ ਸਿ਼ੀ ਵੀ ਪੀਰ ਫਕੀਰ ਦਾ ਹੋਵੇ, ਪੰਜਾਬੀਆਂ ਨੂੰ ਕੋਈ ਫਰਕ ਨਹੀਂ ਪੈਂਦਾ, ਉਹ ਤਾਂ ਬਸ ਮੇਲੇ ਹੀ ਜਾਂਦੇ ਹਨ।

ਲੰਮੇ ਮੁਗਲ ਰਾਜ ਕਾਰਨ ਪੰਜਾਬੀਆਂ ਦੀ ਭਾਸ਼ਾ, ਪਹਿਰਾਵਾ, ਸੰਗੀਤ, ਹਾਰ-ਸ਼ਿੰਗਾਰ, ਗਹਿਣੇ, ਰਸਮੋ-ਰਿਵਾਜ, ਕਸ਼ੀਦਾਕਾਰੀ ਸਭ ਉਪਰ ਇਸਲਾਮੀ ਪ੍ਰਭਾਵ ਪਿਆ। ਸਦੀਆਂ ਪੁਰਾਣੇ ਇਸ ਸਾਂਝੇ ਸਭਿਆਚਾਰ ਨੂੰ ਅੰਗ੍ਰੇਜ਼ਾਂ ਦੇ ਆਗਮਨ ਤੇ ਉਨ੍ਹਾਂ ਦੀਆਂ ਨੀਤੀਆਂ ਨੇ ਖੇਰੂੰ-ਖੇਰੂੰ ਕਰ ਦਿੱਤਾ। ਇਸ ਨਾਲ ਪੰਜਾਬੀ ਸਾਹਿਤ

ਨੂੰ ਵੀ ਬੜੀ ਢਾਹ ਲੱਗੀ। ਪੰਜਾਬੀ ਕੇਵਲ ਸਿੱਖਾਂ ਦੀ ਭਾਸ਼ਾ ਬਣ ਕੇ ਰਹਿ ਗਈ। ਵਿਚਾਰਯੋਗ ਗੱਲ ਤਾਂ ਇਹ ਹੈ ਕਿ ਫਰੀਦ ਨੂੰ ਪੰਜਾਬੀ ਦਾ ਪਹਿਲਾ ਪ੍ਰਮਾਣਿਕ ਕਵੀ ਮੰਨਿਆ ਜਾਂਦਾ ਹੈ। ਤਾਂ ਫਿਰ ਫਰੀਦ ਤੋਂ 300 ਸਾਲ

ਬਾਅਦ ਜਦੋਂ ਗੁਰੂ ਨਾਨਕ ਦੇਵ ਜੀ ਪੰਜਾਬੀ ਵਿਚ ਬਾਣੀ ਰਚਨਾ ਕਰਦੇ ਹਨ ਤਾਂ ਪੰਜਾਬੀ ਕੇਵਲ ਸਿੱਖਾਂ ਦੀ ਕਿਵੇਂ ਰਹਿ ਜਾਂਦੀ ਹੈ। ਜ਼ਰੂਰਤ ਹੈ ਅੱਜ ਇਨ੍ਹਾਂ ਗੱਲਾਂ ਤੇ ਖੁੱਲ੍ਹੇ ਦਿਲ ਨਾਲ ਵਿਚਾਰ ਕਰੀਏ ਤੇ ਠੀਕ ਨਤੀਜੇ ਤੇ ਪਹੁੰਚੀਏ।

ਲੇਖਕ ਨੇ ਇਕ ਹੋਰ ਗੱਲ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ। ਅੱਜ ਸਾਨੂੰ ਇਹ ਪੜ੍ਹਾਇਆ ਜਾਂਦਾ ਹੈ ਕਿ ਔਰੰਗਜ਼ੇਬ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਅਤੇ ਗੁਰੂ ਗੋਬਿੰਦ ਸਿੰਘ ਦੇ ਕਸ਼ਟਾਂ ਦਾ ਕਾਰਣ ਸੀ, ਪਰ ਇਹ ਨਹੀਂ ਦੱਸਿਆ ਜਾਂਦਾ ਕਿ ਉਹ ਇਕ ਨਿਰਦਈ ਰਾਜਾ ਸੀ ਜਿਸ ਨੇ ਆਪਣੇ ਪਿਉ ਤੇ ਭਰਾ ਵੀ ਮਰਵਾ ਦਿੱਤੇ ਸਨ। ਅੱਜ ਸਾਨੂੰ ਇਹ ਯਾਦ ਰੱਖਣ ਦੀ ਲੋੜ ਹੈ ਕਿ ਗੁਰੂ ਨਾਨਕ ਦਾ ਪਹਿਲਾ ਸਾਥੀ ਭਾਈ ਮਰਦਾਨਾ ਵੀ ਮੁਸਲਮਾਨ ਸੀ, ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਫਕੀਰ ਮੀਆਂ ਮੀਰ ਨੇ ਰੱਖੀ। ਪੀਰ ਬੁੱਧੂ

ਸ਼ਾਹ, ਗਨੀ ਖਾਂ ਤੇ ਨਬੀ ਖਾਂ ਵੀ ਮੁਸਲਮਾਨ ਸਨ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਦੀ ਮਦਦ ਕੀਤੀ। ਇਸੇ ਤਰ੍ਹਾਂ ਸਾਕਾ ਨੀਲਾ ਤਾਰਾ ਵੀ ਹਿੰਦੂਆਂ ਵਲੋਂ ਨਹੀਂ ਹੋਇਆ ਸਗੋਂ ਉਹ ਵੀ ਰਾਜਨੀਤੀ ਤੋਂ ਪ੍ਰੇਰਿਤ ਸੀ। ਪੰਜਾਬੀ ਸਭਿਆਚਾਰ ਦੀ ਖ਼ੂਬਸੂਰਤੀ ਤਾਂ ਹਿੰਦੂ, ਮੁਸਲਮਾਨ ਤੇ ਸਿੱਖਾਂ ਦੀ ਸਾਂਝ ਵਿਚ ਹੈ। ਇਨ੍ਹਾਂ ਵਿਚ ਪੈਦਾ ਅੰਤਰ ਪੰਜਾਬੀ ਸਭਿਆਚਾਰ ਦਾ ਦੁਖਾਂਤ ਹੈ।

ਪੁਸਤਕ ਵਿਚ ਸ਼ਾਮਿਲ ਅਗਲੇ ਕੁਝ ਨਿਬੰਧਾਂ ਵਿਚ ਲੋਕ ਗੀਤਾਂ, ਬੁਝਾਰਤਾਂ, ਭੰਗੜੇ, ਧੂਣੀਆਂ, ਅਖਾੜਿਆਂ ਅਤੇ ਭੰਡਾਂ ਬਾਰੇ ਗੱਲ ਕੀਤੀ ਗਈ ਹੈ। ਇਨ੍ਹਾਂ ਨੂੰ ਅਸੀਂ ਪੰਜਾਬੀ ਸਭਿਆਚਾਰ ਦੇ ਪਛਾਣ-ਚਿੰਨ੍ਹ ਵੀ ਆਖ ਸਕਦੇ ਹਾਂ।

ਪੰਜਾਬੀ ਲੋਕ ਗੀਤਾਂ ਦੇ ਗੱਲ ਕਰੀਏ ਤਾਂ ਸਾਡੇ ਕੋਲ ਕਈ ਲੋਕ ਕਾਵਿ ਰੂਪ ਹਨ। ਬੋਲੀ, ਟੱਪਾ, ਮਾਹੀਆ, ਢੋਲਾ, ਥਾਲ, ਕਿੱਕਲੀ, ਲੋਰੀਆਂ, ਦੋਹਰੇ, ਡੂਮਰ, ਬੋਲੀਆਂ, ਸਿੱਠਣੀਆਂ, ਇਥੋਂ ਤਕ ਕਿ ਮੌਤ ਸਮੇਂ ਪਾਏ ਜਾਂਦੇ ਵੈਣ, ਕੀਰਨੇ ਤੇ ਅਲਾਹੁਣੀਆਂ ਵੀ ਪੰਜਾਬੀ ਲੋਕ ਕਾਵਿ ਰੂਪਾਂ ਵਿਚ ਆਉਂਦੇ ਹਨ। ਇਨ੍ਹਾਂ ਲੋਕ ਕਾਵਿ ਰੂਪਾਂ ਵਿਚ ਜੀਵਨ ਦੇ ਭਿੰਨ-ਭਿੰਨ ਪਹਿਲੂ, ਇਤਿਹਾਸ ਤੇ ਸਭਿਆਚਾਰ ਦੀ ਭਰਪੂਰ ਪੇਸ਼ਕਾਰੀ ਹੋਈ ਹੈ। ਪੰਜਾਬੀ ਰਿਸ਼ਤਾ ਨਾਤਾ ਪ੍ਰਣਾਲੀ ਵੀ ਲੋਕ ਗੀਤਾਂ ਵਿਚੋਂ ਉੱਘੜ ਕੇ ਆਉਂਦੀ ਹੈ।

ਲੋਕ ਗੀਤਾਂ ਵਾਂਗ ਬੁਝਾਰਤਾਂ ਵੀ ਪੰਜਾਬੀ ਜੀਵਨ ਨਾਲ ਅਟੁੱਟ ਸੰਬੰਧ ਰਖਦੀਆਂ ਹਨ। ਉਮਰ ਦਾ ਕੋਈ ਬੰਧਨ ਨਹੀਂ, ਛੋਟੇ ਵੱਡੇ ਬੁੱਢੇ ਜਵਾਨ ਸਭ ਬੁਝਾਰਤਾਂ ਪਾਉਣ ਵਿਚ ਦਿਲਚਸਪੀ ਰਖਦੇ ਹਨ। ਬੁਝਾਰਤਾਂ ਦਾ ਘੇਰਾ ਮਨੁੱਖੀ ਜੀਵਨ ਜਿਨ੍ਹਾਂ ਵਿਚ ਵਿਸ਼ਾਲ ਲੋਕ-ਪਰਲੋਕ ਸਭ ਨੂੰ ਆਪਣੇ ਕਲਾਵੇ ਵਿਚ ਲਈ ਬੈਠਾ ਹੈ :

- ਨੀਲੀ ਟਾਕੀ ਚੌਣ ਬੱਧੇ
  ਦਿਨੇ ਗੁਆਚੇ ਰਾਤੀਂ ਲੱਭੇ। (ਤਾਰੇ)
- ਨਿੱਕੀ ਜਿਹੀ ਕੁੜੀ ਲੈ ਪਰਾਂਦਾ ਟੁਰੀ। (ਸੂਈ ਧਾਗਾ)
- ਇਕ ਰਾਜੇ ਦੀ ਅਨੋਖੀ ਰਾਣੀ
  ਦੁਮ ਦੇ ਰਸਤੇ ਪੀਵੇ ਪਾਣੀ। (ਦੀਵਾ)

ਪੰਜਾਬੀ ਬੁਝਾਰਤਾਂ ਸ਼ੈਲੀ ਪੱਖੋਂ ਸਰਲ, ਸੰਖੇਪ, ਲੰਮੀਆਂ, ਗੁੰਝਲਦਾਰ ਕਈ ਕਿਸਮ ਦੀਆਂ ਹਨ। ਪੰਜਾਬੀ ਬੁਝਾਰਤਾਂ ਪੰਜਾਬੀ ਸਭਿਆਚਾਰ ਦਾ ਅਨਿੱਖੜਵਾ ਅੰਗ ਹਨ।

ਪੰਜਾਬੀ ਸਭਿਆਚਾਰ ਦਾ ਇਕ ਅਨਿੱਖੜ ਅੰਗ ਜਾਂ ਵੱਲਾ ਪਛਾਣ-ਚਿੰਨ੍ਹ ਹੈ ਭੰਗੜਾ। ਭੰਗੜੇ ਦਾ ਇਤਿਹਾਸਵੀ ਬਹੁਤ ਪੁਰਾਣਾ ਹੈ ਤੇ ਇਸ ਨਾਲ ਕਈ ਮਿੱਥਾਂ ਵੀ ਜੁੜੀਆਂ ਹੋਈਆਂ ਹਨ। ਇਕ ਮਿੱਥ ਇਹ ਹੈ ਕਿ ਆਦਮ ਨੇ ਪਹਿਲੀ ਵਾਰ ਕਣਕ ਖਾ ਕੇ ਜੋ ਖੁਸ਼ੀ ਵਿਚ ਛਾਲ ਮਾਰੀ ਉਹ ਭੰਗੜਾ ਸੀ। ਕਿਉਂਕਿ ਭੰਗੜੇ ਵਿਚ ਛਾਲ ਮਾਰੀ ਜਾਂਦੀ ਹੈ। ਪਰ ਸਿੱਧੇ ਤੌਰ ਤੇ ਇਹ ਕਿਰਸਾਨੀ ਸੰਸਕ੍ਰਿਤੀ ਨਾਲ ਜੁੜਿਆ ਹੋਇਆ ਹੈ। ਆਪਣੇ ਜਨਮ ਤੋਂ ਲੈ ਕੇ ਹੁਣ ਤਕ ਭੰਗੜੇ ਨੇ ਬਹੁਤ ਵਿਕਾਸ ਕੀਤਾ ਹੈ। ਖੇਤਾਂ ਵਿਚੋਂ ਨਿਕਲ ਕੇ ਭੰਗੜਾ ਹੁਣ ਫਿਲਮਾਂ, ਕਾਲਜਾਂ, ਯੂਨੀਵਰਸਿਟੀਆਂ ਦੀਆਂ ਸਟੇਜਾਂ ਤੇ ਪਹੁੰਚ ਗਿਆ ਹੈ। ਦੇਸ਼ਾਂ ਵਿਦੇਸ਼ਾਂ ਵਿਚ ਆਪਣੀ ਧੂੰਮ ਪਾ ਰਿਹਾ ਹੈ। ਇਸ ਵਿਕਾਸ ਦੇ ਦੌਰ ਵਿਚੋਂ ਲੰਘਦੇ ਹੋਏ ਭੰਗੜੇ ਦੀ ਸ਼ੈਲੀ ਵਿਚ ਕਈ ਪਰੀਵਰਤਨ ਆਏ ਜਿਨ੍ਹਾਂ ਬਾਰੇ 'ਭੰਗੜਾ : ਬਨਾਮ ਆਧੁਨਿਕਤਾ' (ਨਾਹਰ ਸਿੰਘ, ਪੰਨਾ 80) ਵਿਚ ਚਰਚਾ ਕੀਤੀ ਗਈ ਹੈ।

ਪੰਜਾਬੀ ਸਭਿਆਚਾਰ ਨੂੰ ਕਲਮਬੱਧ ਕਰਨ ਵਿਚ ਗਿਆਨੀ ਗੁਰਦਿੱਤ ਸਿੰਘ ਦਾ ਵਿਸ਼ੇਬ ਯੋਗਦਾਨ ਹੈ। 'ਸਿਆਲਾਂ ਦੀਆਂ ਧੂਣੀਆਂ' ਵਿਚ ਗਿਆਨੀ ਗੁਰਦਿੱਤ ਸਿੰਘ ਨੇ ਪੰਜਾਬ ਦੇ ਲੋਕਾਂ ਦੇ ਮਨਪਰਚਾਵੇ ਦੀ ਗੱਲ ਕੀਤੀ ਹੈ। ਪਿੰਡਾਂ ਦੇ ਲੋਕ ਰਾਤ ਸਮੇਂ ਧੂਣੀ ਮਘਾ ਕੇ ਉਸ ਦੇ ਚਾਰੋਂ ਪਾਸੇ ਇਕੱਠੇ ਹੋ ਕੇ ਬੈਠ ਜਾਂਦੇ ਸੀ ਤੇ ਫਿਰ ਨਵੀਆਂ ਪੁਰਾਣੀਆਂ ਗੱਲਾਂ ਨਾਲ ਦਿਲ ਖ਼ੁਸ਼ ਕਰਦੇ ਸੀ। ਧੂਣੀਆਂ ਵਿਚ ਸੁਣੀਆਂ ਜਾਣ ਵਾਲੀਆਂ ਗੱਲਾਂ ਵੱਡਿਆ ਦਾ ਅਨੁਭਵ ਸਨ, ਜੋ ਨੌਜਵਾਨਾਂ ਲਈ ਗਿਆਨ ਦਾ ਖਜ਼ਾਨਾ ਸਨ। ਧੂਣੀਆਂ ਵਿਚ

ਗੱਲਾਂ ਸੁਣਾਉਣ ਵਾਲਾ ਗਾਲ੍ਹੜੀ ਅਲਫ ਲੈਲਾ, ਤੋਤਾ ਮੈਨਾ ਦੀਆਂ ਕਹਾਣੀਆਂ, ਰਿਸ਼ੀਆਂ, ਅਵਤਾਰਾਂ ਦੇ ਕਿੱਸੇ, ਰਾਮਚੰਦਰ ਦਾ ਬਨਵਾਸ, ਸੀਤਾ ਹਰਨ, ਹਨੂੰਮਾਨ ਦੀਆਂ ਕਰਾਮਾਤਾਂ, ਕ੍ਰਿਸ਼ਨ ਤੇ ਗੋਪੀਆਂ ਦੀ ਰਾਸਲੀਲ੍ਹਾ, ਕਬੀਰ ਤੇ ਲੋਈ ਦੀ ਕਹਾਣੀ, ਧਰੂ ਭਗਤ, ਨਲ ਦਮਯੰਤੀ, ਬੀਬੀ ਰਜਨੀ ਵਲੋਂ ਪਿੰਗਲੇ ਪਤੀ ਦੀ ਸੇਵਾ, ਰਾਜਾ ਰਸਾਲੂ, ਧੰਨਾ ਭਗਤ, ਪ੍ਰਹਿਲਾਦ, ਰੂਪ ਬਸੰਤ, ਪੂਰਨ ਭਗਤ, ਰਾਣੀ ਇੱਛਰਾਂ, ਲੂਣਾ, ਦੀਆਂ ਕਹਾਣੀਆਂ ਨੂੰ ਰੌਚਕ ਢੰਗ ਨਾਲ ਸੁਣਾ ਕੇ ਸਭ ਦਾ ਦਿਲ ਜਿੰਦ ਲੈਂਦਾ ਸੀ। ਇੰਝ ਇਹ ਧੂਣੀਆਂ ਮੌਖਿਕ ਪਰੰਪਰਾ ਰਾਹੀਂ ਸਭਿਆਚਾਰ ਕਦਰਾਂ-ਕੀਮਤਾਂ ਨੂੰ ਅੱਗੇ ਟੋਰਦੀਆਂ ਸਨ।

ਪੰਜਾਬੀ ਸਭਿਆਚਾਰ ਵਿਚ ਭੰਡਾਂ ਦੀ ਵੀ ਅਹਿਮ ਭੂਮਿਕਾ ਰਹੀ ਹੈ। ਭੰਡ ਆਪਣੇ ਵਿਅੰਗਾਤਮਕ ਢੰਗ ਨਾਲ ਵੱਡੀਆਂ-ਵੱਡੀਆਂ ਗੱਲਾਂ ਲੋਕਾਂ ਦੇ ਮੂੰਹ ਤੇ ਮਾਰਦੇ ਸਨ। ਸਮਾਚਜਕ, ਧਾਰਮਕ, ਰਾਜਨੈਤਿਕ, ਆਰਥਕ ਪ੍ਰਬੰਧ ਵਿਚ ਆਈ ਊਣਤਾਈਆਂ ਵੱਲੋਂ ਲੋਕਾਂ ਦਾ ਧਿਆਨ ਦਿਲਵਾਉਂਦੇ ਸਨ। ਇਨ੍ਹਾਂ ਦੀਆਂ ਗੱਲਾਂ ਦਾ ਕੋਈ ਬੁਰਾ ਨਹੀਂ ਮਨਾਉਂਦਾ ਸੀ। ਵਿਆਹ, ਸ਼ਾਦੀਆਂ, ਮੇਲਿਆਂ ਜਾਂ ਇਕੱਠਾਂ ਵਿਚ ਇਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਬੁਲਾਇਆ ਜਾਂਦਾ ਸੀ। ਪਰ ਹੁਣ ਭੰਡਾਂ ਦਾ ਮਹੱਤਵ ਘਟਦਾ ਜਾ ਰਿਹਾ ਹੈ। ਇਸ ਦਾ ਕਾਰਨ ‘ਭੰਡਾਂ ਦੀ ਭੰਡੀ

ਤੇ ਮੀਡੀਏ ਦੀ ਮਾਰ’ (ਸਰਵਣ ਸਿੰਘ) ਸਿਰਲੇਖ ਹੇਠਲੇ ਨਿਬੰਧ ਵਿਚ ਦੱਸਿਆ ਹੈ ਕਿ ਵਰਤਮਾਨ ਸਮੇਂ ਵਿਚ ਮੀਡੀਏ ਨੇ ਭੰਡਾਂ ਦੀ ਥਾਂ ਲੈ ਲਈ ਹੈ। ਜਿਸ ਤਰ੍ਹਾਂ ਪਹਿਲੇ ਕੋਈ ਗੱਲ ਭੰਡਾਂ ਦੀ ਨਜ਼ਰ ਤੋਂ ਨਹੀਂ ਸੀ ਬਚਦੀ ਉਸੇ ਤਰ੍ਹਾਂ ਹੁਣ ਮੀਡੀਏ ਦੀ ਨਜ਼ਰ ਤੋਂ ਬਚਣਾ ਮੁਸ਼ਕਿਲ ਹੈ।

‘ਪੁਤਲੀਆਂ ਦਾ ਤਮਾਸ਼ਾ’ ਬਲਵੰਤ ਗਾਰਗੀ ਦਾ ਲਿਖਿਆ ਨਿਬੰਧ ਹੈ। ਇਸ ਵਿਚ ਲੇਖਕ ਨੇ ਪੁਤਲੀਆਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੈ। ਪੁਤਲੀਆਂ ਦੇ ਤਮਾਸ਼ੇ ਨੂੰ ਆਧੁਨਿਕ ਨਾਟਕ ਦੇ ਜਨਮ ਨਾਲ ਜੋੜਿਆ ਹੈ। ਧੂਣੀਆਂ, ਭੰਡਾਂ, ਗੀਤਾਂ, ਬੁਝਾਰਤਾਂ, ਭੰਗੜੇ, ਅਖਾੜੇ, ਮੇਲਿਆਂ ਨਾਲ ਓਤ-ਪ੍ਰੋਤ ਆਪਣੇ ਆਪ ਵਿਚ ਵੰਨ-ਸੁਵੰਨਤਾ ਸਮੇਟੀ ਬੈਠਾ ਪੰਜਾਬੀ ਸਭਿਆਚਾਰ ਜਦੋਂ ਅੱਜ ਫਿਲਮਾਂ ਨਾਲ ਆ ਕੇ ਜੁੜਦਾ ਹੈ ਤਾਂ ਸਾਨੂੰ ਬਹੁਤ ਨਿਰਾਸ਼ਾ ਹੁੰਦੀ ਹੈ।

ਪੰਜਾਬੀ ਫਿਲਮਾਂ, ਪੰਜਾਬੀ ਸਭਿਆਚਾਰ ਦੀ ਤਸਵੀਰ ਵਿਗਾੜ ਕੇ ਪੇਸ਼ ਕਰਦੀਆਂ ਹਨ। ਫਿਲਮ ਨਿਰਮਾਤਾ ਬੜੇ ਹੀ ਹਾਸੋਹੀਣੇ ਢੰਗ ਨਾਲ, ਲੋਕਾਂ ਲਈ ਮਜ਼ਾਕ ਦਾ ਕੇਂਦਰ ਬਣਾ ਕੇ, ਪੰਜਾਬੀ ਸਭਿਆਚਾਰ ਨੂੰ ਪੇਸ਼ ਕਰਦੇ ਹਨ। ਪੰਜਾਬੀ ਫਿਲਮਾਂ ਦੇ ਨਾਇਕ ਅਤੇ ਨਾਇਕਾਵਾਂ ਪੰਜਾਬੀਅਤ ਤੋਂ ਮੀਲਾਂ ਦੂਰ ਹਨ। ਪੰਜਾਬੀ ਫਿਲਮਾਂ ਰੁਮਾਂਟਿਕ ਜਾਂ ਧਾਰਮਿਕ ਵਿਸ਼ਿਆਂ ਤਕ ਸੀਮਿਤ ਹਨ। ਪੰਜਾਬੀ ਫਿਲਮਾਂ, ਪੰਜਾਬੀ ਸਭਿਆਚਾਰ ਨਾਲ ਹਨ। ਉਸ ਵੱਲ ਧਿਆਨ ਦੇਣਾ ਬਹੁਤ ਜ਼ਰੂਰੀ ਹੈ। ਕਿਉਂਕਿ ਅੱਜ ਦਾ ਵਿਅਕਤੀ ਫਿਲਮਾਂ ਤੋਂ ਬਹੁਤ ਜ਼ਿਆਦਾ

ਪ੍ਰਭਾਵਿਤ ਹੁੰਦਾ ਹੈ। ਇਸ ਲਈ ਪੰਜਾਬੀ ਫਿਲਮ ਨਿਰਮਾਤਾ ਦਾ ਘਰਜ਼ ਹੈ ਕਿ ਉਹ ਆਪਣੇ ਪੁਰਾਣੇ ਸਭਿਆਚਾਰ ਦਾ ਮਖੌਲ ਨਾ ਬਣਾਏ ਸਗੋਂ ਗੰਭੀਰਤਾ ਨਾਲ ਆਪਣਾ ਫਰਜ਼ ਪਛਾਣੇ।

ਤੇਜਵੰਤ ਸਿੰਘ ਆਪਣੇ ਨਿਬੰਧ ‘ਪੰਜਾਬੀ ਫਿਲਮਾਂ ਦੀ ਸਭਿਆਚਾਰਕ ਪਰਖ’ (ਪੰਨਾ 107) ਵਿਚ ਦੱਸਦੇ ਹਨ ਕਿ : “ਵਿਸ਼ਾ ਰੂਪ ਤੇ ਤਕਨੀਕ ਕਿਸੇ ਵੀ ਪੱਧਰ ਤੇ ਪੰਜਾਬੀ ਫਿਲਮ ਸਭਿਆਚਾਰਕ ਸਰੂਪ ਨੂੰ ਪਹਿਚਾਨਣ, ਚਿਤਵਣ ਤੇ ਨਿਹਾਰਣ ਦਾ ਯਤਨ ਨਹੀਂ ਕਰਦੀ।” (ਪੇਜ 107)

ਉਪਰੋਕਤ ਚਰਚਾ ਤੋਂ ਬਾਅਦ ਅਸੀਂ ਇਹ ਕਹਿ ਸਕਦੇ ਹਾਂ ਕਿ ਹੱਥਲੀ ਪੁਸਤਕ ਜਿਥੇ ਪੰਜਾਬੀ ਸਭਿਆਚਾਰ ਤੇ ਉਸ ਦੇ ਪਛਾਣ ਚਿੰਨ੍ਹਾਂ ਨਾਲ ਸਾਡੀ ਪਛਾਣ ਕਰਾਉਂਦੀ ਹੈ। ਉਥੇ ਦੂਜੇ ਪਾਸੇ ਇਹ ਦੇਖਦੇ ਹਾਂ ਕਿ ਪੰਜਾਬੀ ਵਾਰਤਕ ਅਧਿਆਤਮਕ ਵਿਸ਼ਿਆਂ ਤੋਂ ਆਰੰਭ ਹੋਈ ਤੇ ਅੱਜ ਵਿਕਾਸ ਦੀਆਂ ਸਿਖਰਾਂ ਨੂੰ ਛੂਹ ਰਹੀ ਹੈ। ਅੱਜ ਸਾਡੀ ਵਾਰਤਕ ਦਾ ਵਿਸ਼ਾ ਅਤਿ ਆਧੁਨਿਕ ਵਿਸ਼ਿਆਂ ਨੂੰ ਆਪਣੇ ਕਲਾਵੇ ਵਿਚ ਲਈ ਬੈਠਾ ਹੈ, ਜਦੋਂ ਉਹ ਆਧੁਨਿਕ ਸੂਚਨਾ ਪ੍ਰਸਾਰ ਦੇ ਨਵੇਂ ਸਾਧਨਾਂ ਦੀ ਗੱਲ ਕਰਦਾ ਹੈ। ਇੰਝ ਕਰਦਾ ਹੋਇਆ ਲੇਖਕ ਆਮ ਵਿਅਕਤੀ ਦੀਆਂ ਰੁਚੀਆਂ ਅਤੇ ਸਰੋਕਾਰਾਂ ਨਾਲ ਜੋੜਦਾ ਹੈ।

## ਟਿੱਪਣੀਆਂ ਅਤੇ ਹਵਾਲੇ


1. ਸਾਹਿਤ ਦੇ ਰੂਪ, ਰਤਨ ਸਿੰਘ ਜੱਗੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2001, ਪੰਨਾ 100
2. ਸਭਿਆਚਾਰ ਤੇ ਪੰਜਾਬੀ ਸਭਿਆਚਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਨਾ 13
3. ਉਹੀ ਪੰਨਾ 94-98
4. ਉਹੀ ਪੰਨਾ 80
5. ਉਹੀ ਪੰਨਾ 107